# ਅੰਤਕਾ D - ਅਚਨਚੇਤ ਹਾਲਾਤ ਵਾਸਤੇ ਯੋਜਨਾ

ਅਚਨਚੇਤ ਹਾਲਾਤ ਵਾਸਤੇ ਯੋਜਨਾ ਦਾ ਉਦੇਸ਼ ਚੋਣਾਂ ਦੌਰਾਨ ਐਮਰਜੈਂਸੀ ਜਾਂ ਹੋਰ ਘਟਨਾਵਾਂ ਹੋਣ ਦੀ ਸਥਿਤੀ ਵਿੱਚ, ਜੋ ਵਿਭਾਗ ਦੁਆਰਾ ਲੋਕਾਂ ਨੂੰ ਸੇਵਾ ਦੇਣ ਅਤੇ/ਜਾਂ ਚੋਣ ਕਰਵਾਉਣ ਤੋਂ ਰੋਕ ਸਕਦੀਆਂ ਹਨ, ਕੀਤੀਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਨੂੰ ਨਿਸ਼ਚਿਤ ਕਰਨਾ ਹੈ। ਐਮਰਜੈਂਸੀ ਦੀ ਸਥਿਤੀ ਦੇ ਦੌਰਾਨ, ਸਿਰਫ ਗਵਰਨਰ ਹੀ ਇਸ ਵਿਭਾਗ ਦੀ ਚੋਣਾਂ ਕਰਵਾਉਣ ਦੀ ਡਿਊਟੀ ਨੂੰ ਮੁਅੱਤਲ ਕਰ ਸਕਦਾ ਹੈ।[1]

ਇਨ੍ਹਾਂ ਯੋਜਨਾਵਾਂ ਨੂੰ ਸੈਕ੍ਰੇਟਰੀ ਔਫ ਸਟੇਟ (SOS) ਦੀ ਆਪਾਤਕਾਲ ਦੀ ਯੋਜਨਾ ਦੇ ਨਾਲ ਤਾਲਮੇਲ ਵਿੱਚ ਇਸਤੇਮਾਲ ਕੀਤਾ ਜਾਏਗਾ।

ਵਿਭਾਗ ਐਮਰਜੈਂਸੀਆਂ ਲਈ ਆਪਣੀਆਂ ਪ੍ਰਤਿਕਿਰਿਆਵਾਂ ਨੂੰ ਕਿਸੇ ਐਮਰਜੈਂਸੀ ਕਾਰਨ ਪੈਦਾ ਹੋਈ ਚੇਤਾਵਨੀ ਦੀ ਹੱਦ ਦੁਆਰਾ ਮਾਪਦਾ ਹੈ। ਹਮੇਸ਼ਾਂ ਦੀ ਤਰ੍ਹਾਂ, ਜੇ ਕਿਸੇ ਕਰਮਚਾਰੀ ਨੂੰ ਕਿਸੇ ਐਮਰਜੈਂਸੀ ਸਥਿਤੀ ਬਾਰੇ ਜਾਣਕਾਰੀ ਮਿਲਦੀ ਹੈ ਜਿਸਦੇ ਲਈ ਕਾਨੂੰਨ ਲਾਗੂ ਕਰਨ ਵਾਲਿਆਂ ਜਾਂ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ, ਤਾਂ ਉਹ 911 'ਤੇ ਕਾਲ ਕਰੇਗਾ ਅਤੇ ਫਲੋਰ ਸੁਪਰਵਾਈਜ਼ਰ ਨੂੰ ਸੂਚਿਤ ਕਰੇਗਾ।

**ਯਾਦ ਰੱਖੋ, ਵਿਅਕਤੀਗਤ ਸੁਰੱਖਿਆ, ਦਫਤਰ ਵਿੱਚ ਰੱਖੇ ਕਿਸੇ ਵੀ ਦਸਤਾਵੇਜ਼ ਨਾਲੋਂ ਵਧੇਰੇ ਮਹੱਤਵਪੂਰਨ ਹੈ।**

## ਪਹਿਲਾਂ ਕੀ ਚੁੱਕਣਾ ਹੈ (ਕਿਸੇ ਸਥਾਨ ਨੂੰ ਖਾਲੀ ਕਰਨ ਦੀ ਸਥਿਤੀ ਵਿੱਚ)

- ਜੇ ਅਜਿਹਾ ਕਰਨ ਲਈ ਸਮਾਂ ਹੈ ਅਤੇ ਅਜਿਹਾ ਕਰਨਾ ਨਿੱਜੀ ਸੁਰੱਖਿਆ ਨੂੰ ਖ਼ਤਰੇ ਵਿੱਚ ਨਹੀਂ ਪਾਉਂਦਾ ਹੈ, ਤਾਂ ਸਟਾਫ਼, ਮਹੱਤਵ ਦੇ ਕ੍ਰਮ ਵਿੱਚ ਹੇਠ ਲਿਖੀਆਂ ਚੀਜ਼ਾਂ ਇਕੱਤਰ ਕਰ ਸਕਦਾ ਹੈ ਜਾਂ ਸੁਰੱਖਿਅਤ ਕਰ ਸਕਦਾ ਹੈ:
    1. ਬੈਲਟ (ਵੋਟ ਪਾਏ ਗਏ ਬੈਲਟ ਪਹਿਲਾਂ, ਬਾਕੀ ਬਾਅਦ ਵਿੱਚ)
    2. ਨਕਦੀ ਅਤੇ ਚੈੱਕ ਅਤੇ ਛੋਟੇ ਨਕਦੀ ਬੌਕਸ

## ਮਹੱਤਵਪੂਰਨ ਅਤੇ ਹੋਰ ਰਿਕਾਰਡਾਂ ਦੀ ਰੱਖਿਆ ਅਤੇ ਰਿਕਵਰੀ (ਐਮਰਜੈਂਸੀਆਂ ਦੌਰਾਨ)

- ਹੇਠਾਂ ਦਿੱਤੀਆਂ ਚੀਜ਼ਾਂ ਨੂੰ ਮਹੱਤਵਪੂਰਨ ਅਤੇ ਜ਼ਰੂਰੀ ਰਿਕਾਰਡ ਮੰਨਿਆ ਜਾਂਦਾ ਹੈ ਅਤੇ ਐਮਰਜੈਂਸੀ ਦੀ ਪ੍ਰਕਿਰਤੀ ਅਤੇ ਦਾਇਰੇ ਦੇ ਅਧਾਰ 'ਤੇ, ਜੇ ਹੋ ਸਕੇ ਤਾਂ ਇਮਾਰਤ ਤੋਂ ਬਾਹਰ ਲਿਜਾਇਆ ਜਾਣਾ ਚਾਹੀਦਾ ਹੈ।
    1. ਗਿਣੇ ਗਏ ਅਤੇ ਨਾ ਗਿਣੇ ਗਏ ਬੈਲਟ
    2. ਸਰਵਰ
    3. ਹੋਰ ਇਲੈਕਟ੍ਰਾਨਿਕ ਡਾਟਾ ਸਟੋਰੇਜ
    4. ਵੋਟਰਾਂ ਦੀ ਸੂਚੀ
    5. ਛੋਟੇ ਨਕਦੀ ਬੌਕਸ ਵਿੱਚ ਨਕਦੀ ਅਤੇ ਚੈੱਕ

## ਕੰਪਿਊਟਰ ਸੁਰੱਖਿਆ

---

[1] GC§ 8571

- ਜੇ ਡੈਸਕਟੌਪ ਕੰਪਿਊਟਰਾਂ ਨੂੰ ਸੁਰੱਖਿਅਤ ਢੰਗ ਨਾਲ ਸ਼ੱਟ ਡਾਊਨ ਕਰਨ ਦਾ ਸਮਾਂ ਨਹੀਂ ਹੈ, ਤਾਂ ਸਟਾਫ਼ ਨੂੰ ਆਪਣੇ ਕੰਪਿਊਟਰ ਨੂੰ Ctrl + Alt + Delete ਵਰਤ ਕੇ ਲੌਕ ਕਰ ਦੇਣਾ ਚਾਹੀਦਾ ਹੈ।
- ਇਸਦਾ ਕਾਰਨ ਇਹ ਹੈ ਕਿ ਸ਼ਾਇਦ ਪਾਵਰ ਬਟਨ ਨੂੰ ਸਿਰਫ਼ ਇੱਕ ਵਾਰ ਦੱਬਣਾ ਕਨੈੱਕਸ਼ਨ ਨੂੰ ਰੋਕਣ ਅਤੇ ਪੂਰੀ ਤਰ੍ਹਾਂ ਨਾਲ ਕੰਪਿਊਟਰ ਨੂੰ ਬੰਦ ਕਰਨ ਲਈ ਕਾਫ਼ੀ ਨਾ ਹੋਵੇ।
- ਜੇ ਪਾਵਰ ਨਹੀਂ ਹੈ, ਤਾਂ ਸਟਾਫ਼ ਨੂੰ ਕੰਪਿਊਟਰਾਂ ਨੂੰ ਸੰਭਾਲਣ ਦੇ ਸਭ ਤੋਂ ਉੱਤਮ ਤਰੀਕਿਆਂ ਬਾਰੇ ਟੈਕਨਾਲੋਜੀ ਸਰਵਿਸਿਜ਼ ਐਂਡ ਸਲੂਸ਼ਨਜ਼ (TSS) ਵਿਭਾਗ ਤੋਂ ਨਿਰਦੇਸ਼ਾਂ ਦੀ ਉਡੀਕ ਕਰਨੀ ਚਾਹੀਦੀ ਹੈ।

**ਗਿਣੇ ਗਏ ਅਤੇ ਨਾ ਗਿਣੇ ਗਏ ਬੈਲਟ**

- ਆਮ ਤੌਰ 'ਤੇ, ਭਾਵੇਂ ਗਿਣੇ ਗਏ ਹੋਣ ਜਾਂ ਨਹੀਂ, ਬੈਲਟਾਂ ਨੂੰ ਉਨ੍ਹਾਂ ਦੇ ਆਪਣੇ ਪ੍ਰਿਸਿੰਕਟਾਂ(ਖੇਤਰਾਂ) ਵਿੱਚ ਕ੍ਰਮਬੱਧ ਕੀਤਾ ਜਾਂਦਾ ਹੈ ਅਤੇ ਆਖਰੀ ਸਟੋਰੇਜ ਲਈ ਤਿਆਰ ਹੋਣ ਤੱਕ ਸੁਰੱਖਿਅਤ ਬੈਲਟ ਰੂਮ ਵਿੱਚ ਸਟੋਰ ਕੀਤਾ ਜਾਂਦਾ ਹੈ। ਬੈਲਟਾਂ ਦੀ ਗਿਣਤੀ ਕਰਨ ਤੋਂ ਬਾਅਦ, ਉਨ੍ਹਾਂ ਨੂੰ ਇੱਕ ਵੱਖਰੀ ਸੁਰੱਖਿਅਤ ਥਾਂ 'ਤੇ ਸਟੋਰ ਕੀਤਾ ਜਾਂਦਾ ਹੈ। ਨਾ ਗਿਣੇ ਗਏ ਬੈਲਟਾਂ ਨੂੰ ਉਨ੍ਹਾਂ ਦੀ ਸਥਿਤੀ ਦੇ ਅਨੁਸਾਰ ਸ਼੍ਰੇਣੀਬੱਧ ਅਤੇ ਸਟੋਰ ਕੀਤਾ ਜਾਂਦਾ ਹੈ:
    1. ਬੈਲਟ ਹਾਲੇ ਵੀ ਲਿਫਾਫੇ ਵਿੱਚ ਹਨ, ਉਨ੍ਹਾਂ ਨੂੰ ਛਾਂਟਿਆ ਨਹੀਂ ਗਿਆ ਹੈ, ਅਤੇ ਦਸਤਖ਼ਤਾਂ ਦੀ ਜਾਂਚ ਨਹੀਂ ਕੀਤੀ ਗਈ ਹੈ
    2. ਬੈਲਟ ਹਾਲੇ ਵੀ ਲਿਫਾਫੇ ਵਿੱਚ ਹਨ, ਉਨ੍ਹਾਂ ਨੂੰ ਪ੍ਰਿਸਿੰਕਟਾਂ ਵਿੱਚ ਛਾਂਟਿਆ ਗਿਆ ਹੈ, ਅਤੇ ਦਸਤਖ਼ਤਾਂ ਦੀ ਜਾਂਚ ਕੀਤੀ ਗਈ ਹੈ
    3. ਬੈਲਟ ਲਿਫਾਫੇ ਵਿੱਚੋਂ ਬਾਹਰ ਅਤੇ ਪ੍ਰਿਸਿੰਕਟ ਨੰਬਰ ਵਾਲੇ ਬੌਕਸ ਵਿੱਚ ਹਨ
- **ਧਿਆਨ ਦਿਓ:** ਬੈਲਟਾਂ ਦਸਤਖ਼ਤਾਂ ਦੀ ਜਾਂਚ ਕਰਨ ਲਈ ਅਸਥਾਈ ਤੌਰ 'ਤੇ ਵਰਕਸਟੇਸ਼ਨ 'ਤੇ ਜਾਂ ਬੈਲਟ ਮੁਆਇਨਾ ਕਮਰੇ ਵਿੱਚ ਹੋ ਸਕਦੇ ਹਨ।
- ਜੇ ਕੋਈ ਐਮਰਜੈਂਸੀ ਸਥਿਤੀ ਵਾਪਰਦੀ ਹੈ ਜਿਸ ਲਈ ਸਟਾਫ਼ ਨੂੰ ਬੈਲਟਾਂ ਨੂੰ ਇਮਾਰਤ ਤੋਂ ਹਟਾਉਣ ਦੀ ਲੋੜ ਹੈ, ਤਾਂ ਸਟਾਫ਼ ਬੌਕਸਾਂ, ਜਾਂ ਡੱਬਿਆਂ ਨੂੰ ਟੇਪ ਕਰੇਗਾ ਅਤੇ ਉਨ੍ਹਾਂ ਨੂੰ ਨਵੀਂ ਥਾਂ 'ਤੇ ਲੈ ਕੇ ਜਾਵੇਗਾ।
- ਜੇ ਉਨ੍ਹਾਂ ਨੂੰ ਇਮਾਰਤ ਤੋਂ ਨਹੀਂ ਲਿਜਾਇਆ ਜਾ ਸਕਦਾ, ਤਾਂ ਬੈਲਟਾਂ ਨੂੰ ਇੱਕ ਸੁਰੱਖਿਅਤ ਕਮਰੇ ਵਿੱਚ ਰੱਖਿਆ ਜਾਵੇਗਾ।
- ਖਾਲੀ ਜਾਂ ਉਹ ਬੈਲਟ ਜਿਨ੍ਹਾਂ ਨੂੰ ਜਾਰੀ ਨਹੀਂ ਕੀਤਾ ਗਿਆ ਸੀ, ਉੱਥੇ ਹੀ ਛੱਡ ਦਿੱਤੇ ਜਾਣੇ ਚਾਹੀਦੇ ਹਨ, ਜੇਕਰ ਉਨ੍ਹਾਂ ਨੂੰ ਹਟਾਉਣ ਦਾ ਸਮਾਂ ਨਹੀਂ ਹੈ। ਜੇਕਰ ਸਮਾਂ ਹੈ, ਤਾਂ ਰਜਿਸਟਰਾਰ ਔਫ ਵੋਟਰਸ (ROV) ਜਾਂ ਨਿਰਧਾਰਤ ਵਿਅਕਤੀ ਸਟਾਫ਼ ਨੂੰ ਇਹ ਦੱਸੇਗਾ ਕਿ ਖਾਲੀ ਜਾਂ ਉਨ੍ਹਾਂ ਬੈਲਟਾਂ ਨਾਲ ਜਿਨ੍ਹਾਂ ਨੂੰ ਜਾਰੀ ਨਹੀਂ ਕੀਤਾ ਗਿਆ, ਕੀ ਕਰਨਾ ਹੈ।

**ਵੋਟਰ ਜਾਣਕਾਰੀ ਇਤਿਹਾਸ ਦੇ ਅੱਪਡੇਟ ਵਿੱਚ ਵਿਘਨ ਜਾਂ ਕਨੈੱਕਸ਼ਨ ਟੁੱਟ ਜਾਣਾ**

- ਵੋਟ ਕੇਂਦਰ ਦਾ ਮੁਖੀ ਮੁੱਖ ROV ਦਫਤਰ ਨੂੰ ਸੂਚਿਤ ਕਰੇਗਾ।
- ਜੇ ਵਿਘਨ ਸਿਰਫ ਕਿਸੇ ਵਿਸ਼ੇਸ਼ ਵੋਟ ਕੇਂਦਰ ਵਿੱਚ ਹੁੰਦਾ ਹੈ ਅਤੇ 30 ਮਿੰਟ ਤੋਂ ਵੱਧ ਸਮੇਂ, ਜਾਂ ਕਿਸੇ ਵੀ ਕਾਫੀ ਜ਼ਿਆਦਾ ਸਮੇਂ ਲਈ ਰਹਿੰਦਾ ਹੈ, ਤਾਂ ਵੋਟਰਾਂ ਦੀ ਮੌਜੂਦ ਮਾਤਰਾ ਦੇ ਅਧਾਰ 'ਤੇ, ਵੋਟਰਾਂ ਨੂੰ ਕਿਸੇ ਹੋਰ ਵੋਟ ਕੇਂਦਰ ਵਿੱਚ ਭੇਜਿਆ ਜਾਵੇਗਾ ਜਾਂ ਆਰਜ਼ੀ ਤੌਰ 'ਤੇ ਵੋਟ ਪਾਉਣ ਦਾ ਵਿਕਲਪ ਦਿੱਤਾ ਜਾਵੇਗਾ।

- ਜੇ ਵਿਘਨ ਕਾਉਂਟੀ-ਵਿਆਪਕ ਹੈ, ਤਾਂ ਜੇ ਵੋਟ ਕੇਂਦਰ ਦਾ ਸਟਾਫ਼ ਵੋਟਰ ਲਈ ਬੈਲਟ ਦੀ ਸਹੀ ਕਿਸਮ ਜਾਂ ਪ੍ਰਿਸਿੰਕਟ ਨਿਰਧਾਰਤ ਕਰ ਸਕਦਾ ਹੈ, ਤਾਂ ਜੇ ਸੰਭਵ ਹੋਵੇ ਤਾਂ ਸਟਾਫ਼ ਆਰਜ਼ੀ ਲਿਫਾਫਿਆਂ ਵਿੱਚ, ਇਲੈਕਟ੍ਰਾਨਿਕ ਵੋਟਿੰਗ ਉਪਕਰਨਾਂ ਦੇ ਜ਼ਰੀਏ ਆਰਜ਼ੀ ਬੈਲਟ ਜਾਰੀ ਕਰ ਸਕਦਾ ਹੈ।
- ਸਾਰੇ ਵੋਟਰਾਂ ਦੇ ਕਾਗਜ਼ੀ ਰਿਕਾਰਡਾਂ ਅਤੇ ਜਾਣਕਾਰੀ ਨੂੰ ਉਸ ਵੇਲੇ EIMS ਵਿੱਚ ਦਾਖਲ ਕਰਨ ਲਈ ਰੱਖੋ ਜਦੋਂ ਸਿਸਟਮ ਵਾਪਸ ਚਾਲੂ ਹੋ ਜਾਂਦਾ ਹੈ ਅਤੇ ਚੱਲਣ ਲੱਗਦਾ ਹੈ।
- ਵੋਟਿੰਗ ਸਿਸਟਮ ਡਿਵੀਜ਼ਨ ਤੁਰੰਤ ਵਿਕਰੇਤਾ(ਵਾਂ) ਨਾਲ ਸੰਪਰਕ ਕਰੇਗਾ ਅਤੇ ਜਿੰਨੀ ਜਲਦੀ ਸੰਭਵ ਹੋ ਸਕੇਗਾ ਮਸਲੇ ਨੂੰ ਹੱਲ ਕਰੇਗਾ।

**ਬਿਜਲੀ ਚਲੀ ਜਾਣੀ**

- ਵੋਟ ਕੇਂਦਰ ਦਾ ਮੁਖੀ ਮੁੱਖ ROV ਦਫਤਰ ਨੂੰ ਸੂਚਿਤ ਕਰੇਗਾ।
- ਜੇ ਪਾਵਰ ਦਾ ਬੰਦ ਹੋਣਾ 15 ਮਿੰਟ ਤੋਂ ਵੱਧ ਸਮੇਂ ਤੱਕ ਰਹਿੰਦਾ ਹੈ, ਤਾਂ ਵੋਟਰਾਂ ਨੂੰ ਕਿਸੇ ਹੋਰ ਵੋਟ ਕੇਂਦਰ ਵਿੱਚ ਭੇਜਿਆ ਜਾਵੇਗਾ।
- ਜਨਤਾ ਨੂੰ ਵੈੱਬਸਾਈਟ, ਫ਼ੋਨ ਮੈਸੇਜ, ਖ਼ਬਰਾਂ, ਰੇਡੀਓ, ਸੋਸ਼ਲ ਮੀਡੀਆ, ਵਗੈਰਾ ਰਾਹੀਂ ਸੂਚਿਤ ਕੀਤਾ ਜਾਵੇਗਾ।

**ਖ਼ਰਾਬ ਮੌਸਮ**

- ਵੋਟ ਕੇਂਦਰ ਦਾ ਮੁਖੀ ਮੁੱਖ ROV ਦਫਤਰ ਨੂੰ ਸੂਚਿਤ ਕਰੇਗਾ।
- ਜੇਂ ਕੋਈ ਵੋਟ ਕੇਂਦਰ ਮੌਸਮ ਦੇ ਕਾਰਨ ਪਹੁੰਚਯੋਗ ਨਹੀਂ ਹੈ ਜਾਂ ਸੁਰੱਖਿਅਤ ਨਹੀਂ ਹੈ, ਤਾਂ ਬੈਕਅੱਪ ਵੋਟ ਕੇਂਦਰ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਤੁਰੰਤ ਵਰਤੋਂ ਲਈ ਸਥਾਪਤ ਕੀਤਾ ਜਾਵੇਗਾ।
- ਜਨਤਾ ਨੂੰ ਵੈੱਬਸਾਈਟ, ਫ਼ੋਨ ਮੈਸੇਜ, ਖ਼ਬਰਾਂ, ਰੇਡੀਓ, ਸੋਸ਼ਲ ਮੀਡੀਆ, ਵਗੈਰਾ ਰਾਹੀਂ ਸੂਚਿਤ ਕੀਤਾ ਜਾਵੇਗਾ।

**ਅੱਗ ਜਾਂ ਹੋਰ ਬਿਪਤਾ**

- ਸਾਰੇ ਸਟਾਫ਼ ਅਤੇ ਵੋਟਰਾਂ ਨੂੰ ਪਹਿਲਾਂ ਸੁਰੱਖਿਅਤ ਢੰਗ ਨਾਲ ਬਾਹਰ ਕੱਢਿਆ ਜਾਣਾ ਲਾਜ਼ਮੀ ਹੈ।
- ਵੋਟ ਕੇਂਦਰ ਦਾ ਮੁਖੀ ਮੁੱਖ ROV ਦਫਤਰ ਨੂੰ ਸੂਚਿਤ ਕਰੇਗਾ।
- ਜੇ ਸਮਾਂ ਇਜਾਜ਼ਤ ਦੇਵੇ, ਤਾਂ ਵੋਟ ਕੇਂਦਰ ਦਾ ਸਟਾਫ਼ ਕ੍ਰਮ ਵਿੱਚ ਹੇਠ ਲਿਖੇ ਕੰਮ ਕਰੇਗਾ:
    1. ਸਹੂਲਤ ਤੋਂ ਸਾਰੇ ਵੋਟ ਪਾਏ ਬੈਲਟਾਂ ਨੂੰ ਸੁਰੱਖਿਅਤ ਢੰਗ ਨਾਲ ਹਟਾਉਣਾ (ਡਾਕ-ਰਾਹੀਂ-ਵੋਟ ਬੈਲਟ, ਉਪਕਰਨਾਂ ਤੋਂ ਮੈਮੋਰੀ ਕਾਰਡ, ਕਾਲੇ ਬੈਲਟ ਬੌਕਸ ਤੋਂ ਕਾਗਜ਼ੀ ਵੋਟਾਂ, ਅਤੇ ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ ਬੈਲਟ)
    2. ਉਨ੍ਹਾਂ ਦੀ ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ (EIMS) ਤੱਕ ਪਹੁੰਚ ਕਰਨ ਵਾਲੇ ਸਾਰੇ ਕੰਪਿਊਟਰਾਂ ਨੂੰ ਸੁਰੱਖਿਅਤ/ਬੰਦ ਕਰਨਾ
    3. ਸਾਰੇ ਵੋਟਿੰਗ ਉਪਕਰਨਾਂ ਨੂੰ ਸੁਰੱਖਿਅਤ/ਬੰਦ ਕਰਨਾ
    4. ਜੇ ਸੰਭਵ ਹੋਵੇ ਤਾਂ ਕਿਸੇ ਵੀ ਕੰਪਿਊਟਰ/ਉਪਕਰਨ ਨੂੰ ਹਟਾਉਣਾ।
- ਮੁੱਖ ROV ਦਫ਼ਤਰ ਵੈੱਬਸਾਈਟ, ਫ਼ੋਨ ਰਿਕਾਰਡਿੰਗ, ਖ਼ਬਰਾਂ, ਰੇਡੀਓ, ਸੋਸ਼ਲ ਮੀਡੀਆ, ਵਗੈਰਾ ਰਾਹੀਂ ਜਨਤਾ ਨੂੰ ਸੂਚਿਤ ਕਰੇਗਾ ਅਤੇ ਲੋਕਾਂ ਨੂੰ ਵਿਕਲਪਿਕ ਵੋਟ ਕੇਂਦਰਾਂ ਬਾਰੇ ਸੂਚਿਤ ਕਰੇਗਾ।

- ਜਿੰਨੀ ਜਲਦੀ ਸੰਭਵ ਹੋ ਸਕੇ ਇੱਕ ਬਦਲਵਾਂ ਵੋਟ ਕੇਂਦਰ ਸਥਾਪਤ ਕੀਤਾ ਜਾਵੇਗਾ।

**ਵੋਟਿੰਗ ਉਪਕਰਨ ਵਿੱਚ ਖਰਾਬੀ**

- ਜਿਸ ਦੌਰਾਨ ਵੋਟ ਕੇਂਦਰ ਦਾ ਮੁਖੀ ਮੁੱਦੇ ਨੂੰ ਸੁਲਝਾਉਂਦਾ ਹੈ, ਵੋਟਰਾਂ ਨੂੰ ਕਾਗਜ਼ੀ ਬੈਲਟ ਜਾਰੀ ਕੀਤੇ ਜਾ ਸਕਦੇ ਹਨ।
- ਵੋਟ ਕੇਂਦਰ ਮੁਖੀ ਵੋਟ ਕੇਂਦਰ ਕਿਤਾਬਚੇ ਵਿੱਚ ਦਿੱਤੀਆਂ ਸਮੱਸਿਆ ਨੂੰ ਹੱਲ ਕਰਨ ਦੀਆਂ ਹਿਦਾਇਤਾਂ ਦੀ ਪਾਲਣਾ ਕਰੇਗਾ।
- ਜੇ ਹੱਲ ਕਰਨ ਵਿੱਚ ਅਸਮਰਥ ਹੋਵੇ, ਤਾਂ ਵੋਟ ਕੇਂਦਰ ਦਾ ਮੁਖੀ ਮੁੱਖ ROV ਦਫਤਰ ਨਾਲ ਸੰਪਰਕ ਕਰੇਗਾ।
- ROV ਢੁਕਵੇਂ ਕਦਮ ਚੁੱਕੇਗਾ ਜਿਵੇਂ ਤਕਨੀਕੀ ਸਹਾਇਤਾ ਭੇਜਣਾ ਜਾਂ ਬਦਲਵੇਂ ਉਪਕਰਨ ਭੇਜਣੇ।

**ਮੰਗ ਕਰਨ 'ਤੇ ਬੈਲਟ ਉਪਕਰਨ ਕੰਮ ਕਰਨਾ ਬੰਦ ਕਰ ਦਿੰਦਾ ਹੈ**

- ਵੋਟ ਕੇਂਦਰ ਮੁਖੀ ਸਟਾਫ ਲਈ ਵੋਟ ਕੇਂਦਰ ਕਿਤਾਬਚੇ ਵਿੱਚ ਦਿੱਤੀਆਂ ਸਮੱਸਿਆ ਨੂੰ ਹੱਲ ਕਰਨ ਦੀਆਂ ਹਿਦਾਇਤਾਂ ਦੀ ਪਾਲਣਾ ਕਰੇਗਾ।
- ਜੇ ਹੱਲ ਨਾ ਕੀਤਾ ਜਾ ਸਕਦਾ ਹੋਵੇ, ਤਾਂ ਵੋਟ ਕੇਂਦਰ ਦਾ ਮੁਖੀ ਵੋਟਿੰਗ ਉਪਕਰਨ ਦੇ ਬੈਕਅੱਪ ਸੈੱਟ ਤੋਂ ਮੰਗ ਕਰਨ 'ਤੇ ਬੈਲਟ (ਬੈਲਟ ਆਨ ਡਿਮਾਂਡ) ਮਸ਼ੀਨ ਭੇਜਣ ਦਾ ਤਾਲਮੇਲ ਕਰਨ ਲਈ ਮੁੱਖ ROV ਦਫਤਰ ਨਾਲ ਸੰਪਰਕ ਕਰੇਗਾ।
- ਜੇ ਮੰਗ ਕਰਨ 'ਤੇ ਬੈਲਟ ਮਸ਼ੀਨਾਂ ਹਾਲੇ ਵੀ ਕੰਮ ਕਰਨ ਦੇ ਯੋਗ ਨਹੀਂ ਹਨ, ਤਾਂ ਵੋਟਿੰਗ ਕੇਂਦਰਾਂ 'ਤੇ ਬੈਲਟ 'ਤੇ ਨਿਸ਼ਾਨ ਲਗਾਉਣ ਦੇ ਡਿਵਾਈਸ ਵਰਤੇ ਜਾਣਗੇ।
- ਜੇ ਵੋਟਿੰਗ ਕੇਂਦਰ ਵਿੱਚ ਬਿਜਲੀ ਬੰਦ ਹੋ ਜਾਂਦੀ ਹੈ, ਤਾਂ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਨੂੰ ਰੋਕਣ ਲਈ ਇੱਕ ਜਨਰੇਟਰ ਦੀ ਵਰਤੋਂ ਕੀਤੀ ਜਾਵੇਗੀ।
- ਜੇ ਜਨਰੇਟਰਾਂ ਦੀ ਵਰਤੋਂ ਕਰਨ ਤੋਂ ਬਾਅਦ ਬਿਜਲੀ ਵਾਪਸ ਨਹੀਂ ਆਉਂਦੀ ਹੈ, ਤਾਂ ਵੋਟਰਾਂ ਨੂੰ ਪਹਿਲਾਂ ਤੋਂ ਪ੍ਰਿੰਟ ਕੀਤੇ ਅਚਨਚੇਤ ਹਾਲਾਤ ਕਿਸਮ ਦੀਆਂ ਬੈਲਟਾਂ ਜਾਰੀ ਕੀਤੀਆਂ ਜਾਣਗੀਆਂ।
- ਜੇ ਪਹਿਲਾਂ ਤੋਂ ਪ੍ਰਿੰਟ ਕੀਤੇ ਅਚਨਚੇਤ ਹਾਲਾਤ ਵਾਲੀਆਂ ਬੈਲਟਾਂ ਖਤਮ ਹੋ ਜਾਂਦੀਆਂ ਹਨ, ਤਾਂ ROV ਆਖਰੀ ਅਚਨਚੇਤ ਹਾਲਾਤ ਵਾਲੀ ਬੈਲਟ ਦੇ ਅਧਾਰ 'ਤੇ ਹੱਥ ਨਾਲ ਲਿਖਤ ਬੈਲਟ ਸਵੀਕਾਰ ਕਰੇਗੀ।

**ਇੰਟਰਨੈੱਟ ਕਨੈੱਕਸ਼ਨ ਦੀ ਅਸਫਲਤਾ**

- ਵੋਟ ਕੇਂਦਰ ਮੁਖੀ ਸਟਾਫ ਲਈ ਵੋਟ ਕੇਂਦਰ ਕਿਤਾਬਚੇ ਵਿੱਚ ਦਿੱਤੀਆਂ ਸਮੱਸਿਆ ਨੂੰ ਹੱਲ ਕਰਨ ਦੀਆਂ ਹਿਦਾਇਤਾਂ ਦੀ ਪਾਲਣਾ ਕਰੇਗਾ।
    - ਜੇ ਹੱਲ ਕਰਨ ਵਿੱਚ ਅਸਮਰਥ ਹੋਵੇ, ਤਾਂ ਵੋਟ ਕੇਂਦਰ ਦਾ ਮੁਖੀ ਮੁੱਖ ROV ਦਫਤਰ ਨਾਲ ਸੰਪਰਕ ਕਰੇਗਾ।
    - ROV ਉਚਿਤ ਕਦਮ ਚੁੱਕੇਗਾ ਜਿਵੇਂ ਕਿ ਕਾਉਂਟੀ ਜਾਣਕਾਰੀ ਸੇਵਾਵਾਂ ਜਾਂ ਗਾਹਕ ਸਹਾਇਤਾ ਲਈ ਇੰਟਰਨੈੱਟ ਪ੍ਰਦਾਤਾ ਨਾਲ ਸੰਪਰਕ ਕਰਨਾ।
- ਜੇ ਇੰਟਰਨੈੱਟ ਦਾ ਬੰਦ ਹੋਣਾ 15 ਮਿੰਟਾਂ ਤੋਂ ਵੱਧ ਸਮੇਂ ਲਈ ਰਹਿੰਦਾ ਹੈ, ਤਾਂ ਵੋਟ ਕੇਂਦਰ ਸਟਾਫ਼, ਜੇ ਸੰਭਵ ਹੋਵੇ ਤਾਂ ਇਲੈਕਟ੍ਰਾਨਿਕ ਵੋਟਿੰਗ ਉਪਕਰਨਾਂ ਰਾਹੀਂ, ਆਰਜ਼ੀ ਲਿਫਾਫਿਆਂ ਵਿੱਚ, ਆਰਜ਼ੀ ਬੈਲਟ ਜਾਰੀ ਕਰ ਸਕਦਾ ਹੈ।

- ਵੋਟ ਕੇਂਦਰ ਦਾ ਸਟਾਫ਼ ਸਾਰੇ ਵੋਟਰਾਂ ਅਤੇ ਜਾਣਕਾਰੀ ਦਾ ਕਾਗਜ਼ੀ ਰਿਕਾਰਡ ਰੱਖੇਗਾ ਤਾਂ ਜੋ ਚੋਣ ਸਟਾਫ਼ ਇਸਨੂੰ ਮੁੱਖ ROV ਦਫ਼ਤਰ ਵਿਖੇ EIMS ਵਿੱਚ ਦਾਖਲ ਕਰ ਸਕੇ।
- ਜੇ ਇੰਟਰਨੈੱਟ ਇੱਕ ਘੰਟੇ ਤੋਂ ਵੀ ਜ਼ਿਆਦਾ ਸਮੇਂ ਤੱਕ, ਜਾਂ ਮੌਜੂਦ ਵੋਟਰਾਂ ਦੀ ਗਿਣਤੀ ਦੇ ਅਧਾਰ 'ਤੇ ਕਾਫੀ ਜ਼ਿਆਦਾ ਸਮੇਂ ਲਈ ਬੰਦ ਰਹਿੰਦਾ ਹੈ, ਤਾਂ ਵੋਟਰਾਂ ਨੂੰ ਕਿਸੇ ਹੋਰ ਵੋਟ ਕੇਂਦਰ ਭੇਜਿਆ ਜਾਵੇਗਾ। ਜਨਤਾ ਨੂੰ ROV ਵੈੱਬਸਾਈਟ, ਫ਼ੋਨ ਮੈਸੇਜ, ਖ਼ਬਰਾਂ, ਰੇਡੀਓ, ਸੋਸ਼ਲ ਮੀਡੀਆ, ਵਗੈਰਾ ਰਾਹੀਂ ਸੂਚਿਤ ਕੀਤਾ ਜਾਵੇਗਾ।

**ਨਾ-ਵਰਤੋਂ ਯੋਗ ਵੋਟ ਕੇਂਦਰ**

- ਜੇ ਵੋਟ ਕੇਂਦਰ ਕਿਸੇ ਵੀ ਕਾਰਨ ਕਰਕੇ ਵਰਤੋਂ ਯੋਗ ਨਹੀਂ ਰਹਿੰਦਾ ਹੈ, ਤਾਂ ਵੋਟ ਕੇਂਦਰ ਦਾ ਮੁਖੀ ਮੁੱਖ ROV ਦਫ਼ਤਰ ਨੂੰ ਸੂਚਿਤ ਕਰੇਗਾ।
- ਬੈਕਅੱਪ ਵੋਟ ਕੇਂਦਰਾਂ ਦੀ ਇੱਕ ਸੂਚੀ ਮੁੱਖ ROV ਦਫਤਰ ਦੁਆਰਾ ਬਣਾ ਕੇ ਰੱਖੀ ਜਾਵੇਗੀ।
- ਇਲੈੱਕਸ਼ਨ ਲੌਜਿਸਟਿਕਸ (ਰਸਦ) ਸਟਾਫ਼ ਸਥਾਨ ਬਦਲਣ ਅਤੇ ਨਵੇਂ ਵੋਟ ਕੇਂਦਰ ਨੂੰ ਸਥਾਪਤ ਕਰਨ ਵਿੱਚ ਵੋਟ ਕੇਂਦਰ ਦੇ ਸਟਾਫ਼ ਦੀ ਸਹਾਇਤਾ ਕਰੇਗਾ।
- ਜਨਤਾ ਨੂੰ ROV ਵੈੱਬਸਾਈਟ, ਫ਼ੋਨ ਮੈਸੇਜ, ਖ਼ਬਰਾਂ, ਰੇਡੀਓ, ਸੋਸ਼ਲ ਮੀਡੀਆ, ਵਗੈਰਾ ਰਾਹੀਂ ਸਥਾਨ ਦੀ ਤਬਦੀਲੀ ਬਾਰੇ ਸੂਚਿਤ ਕੀਤਾ ਜਾਵੇਗਾ।

**ਬੈਕਅੱਪ ਵੋਟ ਕੇਂਦਰ**

- ROV ਚੋਣ ਦੇ ਦਿਨ ਵੀ ਬਦਲਵਾਂ ਵੋਟ ਕੇਂਦਰ ਨਿਯਤ ਕਰ ਸਕਦਾ ਹੈ।
- ਨਵਾਂ ਵੋਟ ਕੇਂਦਰ ਲਾਜ਼ਮੀ ਤੌਰ 'ਤੇ ਜਿੰਨਾ ਸੰਭਵ ਹੋ ਸਕੇ ਅਸਲ ਵੋਟ ਕੇਂਦਰ ਦੇ ਨੇੜੇ ਹੋਣਾ ਚਾਹੀਦਾ ਹੈ ਅਤੇ ਵੋਟਰਾਂ ਨੂੰ ਨਵੇਂ ਸਥਾਨ 'ਤੇ ਭੇਜਣ ਲਈ ਮੂਲ ਸਥਾਨ 'ਤੇ ਇੱਕ ਨੋਟਿਸ ਲਾਜ਼ਮੀ ਲਗਾਇਆ ਜਾਣਾ ਚਾਹੀਦਾ ਹੈ।

**ਵਧਾਈ ਗਈ ਸੁਰੱਖਿਆ (ਸੁਚੇਤਤਾ ਦੀ ਡਿਗਰੀ #1)**

ROV ਜਾਂ ਕਾਨੂੰਨ ਲਾਗੂ ਕਰਨ ਵਾਲੇ ਵਿਭਾਗ ਦੁਆਰਾ ਨਿਯਤ ਕੀਤੇ ਗਏ ਅਨੁਸਾਰ ਵਧਾਏ ਗਏ ਸੁਰੱਖਿਆ ਉਪਾਵਾਂ ਦੀ ਸਥਿਤੀ ਵਿੱਚ, ਢੁਕਵੇਂ ਹੋਣ 'ਤੇ, ROV ਐਮਰਜੈਂਸੀ ਸੇਵਾਵਾਂ ਦੇ ਡਾਇਰੈਕਟਰ ਦੇ ਦਫਤਰ ਨੂੰ ਹੇਠਾਂ ਦਿੱਤੇ ਦੀ ਇਜ਼ਾਜ਼ਤ ਲਈ ਬੇਨਤੀ ਕਰ ਸਕਦਾ ਹੈ:

- ਵੋਟਰ ਦੁਆਰਾ ਵੋਟ ਪਾਉਣ ਲਈ ਇਮਾਰਤ ਵਿੱਚ ਦਾਖਲ ਹੋਣਾ ਅਤੇ ਬਾਹਰ ਨਿਕਲਣਾ;
- ਸਟਾਫ਼ ਦੁਆਰਾ ਬੈਲਟਾਂ ਦੀ ਗਿਣਤੀ ਨੂੰ ਜਾਰੀ ਰੱਖਣਾ; ਜਾਂ
- ਲੋਕਾਂ ਦਾ ਆਮ ਕੰਮਕਾਜ ਕਰਨ ਲਈ ਦਾਖਲ ਹੋਣਾ।

**ਜਨਤਾ ਅਤੇ ਸਟਾਫ਼ ਨੂੰ ਸਥਾਨ ਤੋਂ ਬਾਹਰ ਲਿਜਾਣਾ (ਸੁਚੇਤਤਾ ਦੀ ਡਿਗਰੀ #2)**

ਉੱਪਰ ਚਰਚਾ ਕੀਤੇ ਗਏ ਮਿਆਰੀ ਅਤੇ ਵਧਾਈ ਗਈ ਸੁਰੱਖਿਆ ਦੇ ਉਪਾਵਾਂ ਤੋਂ ਇਲਾਵਾ, ਸਥਾਨ ਨੂੰ ਖਾਲੀ ਕਰਨ ਲਈ ਨਿਯਤ ਸਟਾਫ਼ ਦੁਆਰਾ ਹੇਠਾਂ ਦਿੱਤੇ ਉਪਾਅ ਲਾਗੂ ਕੀਤੇ ਜਾ ਸਕਦੇ ਹਨ:

- ਜੇ ਅਲਾਰਮ ਵੱਜਦਾ ਹੈ ਤਾਂ ਲੋਕਾਂ ਨੂੰ ਤੁਰੰਤ ਸ਼ਾਤ ਤਰੀਕੇ ਨਾਲ ਨੇੜਲੇ ਨਿਕਾਸ ਰਾਹੀਂ ਬਾਹਰ ਨਿਕਲਣ ਬਾਰੇ ਸੂਚਿਤ ਕਰੋ।

- ਅਸਮਰਥ ਲੋਕਾਂ, ਜਾਂ ਬਾਹਰ ਨਿਕਲਣ ਵਿੱਚ ਸਹਾਇਤਾ ਦੀ ਲੋੜ ਵਾਲੇ ਲੋਕਾਂ ਸਮੇਤ, ਜਨਤਾ ਦੇ ਸਾਰੇ ਲੋਕਾਂ ਦੀ ਸਹਾਇਤਾ ਕਰੋ।
- ਦਰਵਾਜ਼ਿਆਂ ਨੂੰ ਲੌਕ ਕਰੋ ਅਤੇ ਮਹੱਤਵਪੂਰਨ ਰਿਕਾਰਡਾਂ ਅਤੇ ਬੈਲਟਾਂ ਨੂੰ ਸੁਰੱਖਿਅਤ ਕਰੋ।
- ਨਿਯਤ ਕੀਤੀ ਇਕੱਠੇ ਹੋਣ ਦੀ ਥਾਂ 'ਤੇ ਜਾਓ ਅਤੇ ਇਕੱਠੇ ਰਹੋ।
- ROV ਕਿਸੇ ਵਿਕਲਪਿਕ ਸਾਈਟ ਲਈ ਮਨਜ਼ੂਰੀ ਦੇਵੇਗਾ।
- ਵੌਇਸ ਮੇਲ ਅਤੇ ਬਿਲਡਿੰਗ 'ਤੇ ਐਮਰਜੈਂਸੀ ਮੈਸੇਜ ਪੋਸਟ ਕਰੋ।
- ਜੇ ਸੰਭਵ ਹੋਵੇ ਤਾਂ ਵਿਭਾਗ ਦੀਆਂ ਫ਼ੋਨ ਲਾਈਨਾਂ ਨੂੰ ਬਦਲਵੀਂ ਸਾਈਟ 'ਤੇ ਫਾਰਵਰਡ ਕਰੋ।
- ਜਿਹੜਾ ਸਟਾਫ਼ ਇਮਾਰਤ ਵਿੱਚ ਮੌਜੂਦ ਨਹੀਂ ਹੈ ਉਨ੍ਹਾਂ ਨੂੰ ਇਮਾਰਤ ਦੀ ਸਥਿਤੀ ਬਾਰੇ ਸੈੱਲ ਫ਼ੋਨ ਰਾਹੀਂ ਸੂਚਿਤ ਕਰੋ।
- ਪਹਿਲਾਂ ਤੋਂ ਮਨੋਨੀਤ ਕਰਮਚਾਰੀ ਹਰੇਕ ਮੰਜ਼ਲ ਦੀ ਜਾਂਚ ਕਰਨਗੇ ਅਤੇ ਬਾਹਰ ਨਿਕਲਣ ਤੋਂ ਬਾਅਦ ਦਰਵਾਜ਼ੇ ਬੰਦ ਕਰ ਦੇਣਗੇ।

**ਚੋਣ ਵਾਲੇ ਦਿਨ ਸਥਾਨ ਨੂੰ ਖਾਲੀ ਕਰਨਾ**

ਚੋਣ ਵਾਲੇ ਦਿਨ ਵਿਭਾਗ ਦੁਆਰਾ ਸਥਾਨ ਖਾਲੀ ਕਰਨ ਦੀ ਸਥਿਤੀ ਵਿੱਚ, ਉੱਪਰ ਦੱਸੇ ਗਏ ਤੋਂ ਇਲਾਵਾ, ਹੇਠ ਦਿੱਤੇ ਕਦਮ ਚੁੱਕੇ ਜਾਣਗੇ:

- ਬੈਲਟ ਦੀ ਪ੍ਰਕਿਰਿਆ ਨੂੰ ਤੁਰੰਤ ਰੋਕ ਦਿਓ ਅਤੇ ਬੈਲਟ ਰੂਮ ਅਤੇ ਕਾਉਂਟਿੰਗ ਰੂਮ ਦੇ ਦਰਵਾਜ਼ਿਆਂ ਨੂੰ ਤਾਲਾ ਲਗਾ ਕੇ ਬੈਲਟ ਅਤੇ ਟੈਬੂਲੇਸ਼ਨ ਉਪਕਰਨਾਂ ਨੂੰ ਸੁਰੱਖਿਅਤ ਕਰੋ। ਗਿਣੀਆਂ ਨਹੀਂ ਜਾ ਰਹੀਆਂ ਛਾਂਟੀਆਂ ਗਈਆਂ ਬੈਲਟਾਂ ਪਹਿਲਾਂ ਹੀ ਸੁਰੱਖਿਅਤ ਕਮਰੇ ਵਿੱਚ ਸਟੋਰ ਹੁੰਦੀਆਂ ਹਨ।
- ਦਸਤਖ਼ਤਾਂ ਦੀ ਜਾਂਚ ਲਈ ਵਰਕਸਟੇਸ਼ਨਾਂ 'ਤੇ ਬੈਲਟਾਂ ਨੂੰ ਸੁਰੱਖਿਅਤ ਬੈਲਟ ਰੂਮ ਵਿੱਚ ਰੱਖਿਆ ਜਾਵੇਗਾ।
- ਹੁਣੇ-ਹੁਣੇ ਪ੍ਰਾਪਤ ਹੋਈਆਂ, ਪਰ ਹਾਲੇ ਤੱਕ ਛਾਂਟੀਆਂ ਅਤੇ ਵੰਡੀਆਂ ਨਹੀਂ ਗਈਆਂ ਬੈਲਟਾਂ, ਪਹਿਲਾਂ ਤੋਂ ਹੀ, ਸੁਰੱਖਿਅਤ ਬੈਲਟ ਰੂਮ ਵਿੱਚ ਸਟੋਰ ਹੁੰਦੀਆਂ ਹਨ।
- ਐਮਰਜੈਂਸੀ ਲਈ ਉਚਿਤ ਸਭ ਤੋਂ ਵਧੀਆ ਢੰਗ ਨਾਲ, ਵੋਟਰਾਂ ਨੂੰ ਬਦਲਵੀਂ ਸਾਈਟ, ਜੇਕਰ ਕੋਈ ਹੈ, ਦੀ ਸਥਿਤੀ ਬਾਰੇ ਸੂਚਿਤ ਕਰੋ ਜਿੱਥੇ ਵੋਟਿੰਗ ਹੋਵੇਗੀ।
- ਇਮਾਰਤ 'ਤੇ ਪੋਸਟ ਕਰੋ ਕਿ ਪੂਰੀ ਕਾਉਂਟੀ ਵਿੱਚ ਵਿਕਲਪਿਕ ਡ੍ਰੌਪ-ਔਫ ਸਥਾਨ ਕਿੱਥੇ ਉਪਲਬਧ ਹਨ।

**ਇੱਕ ਜਾਂ ਵਧੇਰੇ ਵੋਟ ਕੇਂਦਰਾਂ ਨੂੰ ਪ੍ਰਭਾਵਤ ਕਰਨ ਵਾਲੀਆਂ ਐਮਰਜੈਂਸੀਆਂ**

ਇੱਕ ਜਾਂ ਵਧੇਰੇ ਵੋਟ ਕੇਂਦਰਾਂ ਨੂੰ ਪ੍ਰਭਾਵਤ ਕਰਨ ਵਾਲੀ ਐਮਰਜੈਂਸੀ ਦੀ ਸਥਿਤੀ ਵਿੱਚ, ਵੋਟ ਕੇਂਦਰਾਂ ਦੀ ਜਗ੍ਹਾ ਬਦਲਣ ਅਤੇ/ਜਾਂ ਇਕੱਠਾ ਕਰਨ ਦੀ ਲੋੜ ਹੋ ਸਕਦੀ ਹੈ। ਅਜਿਹੇ ਹਾਲਾਤ ਤਹਿਤ, ਚੋਣ ਅਧਿਕਾਰੀਆਂ ਦੁਆਰਾ ਹੇਠ ਲਿਖੀਆਂ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

- ਵੋਟਰਾਂ ਨੂੰ ਨਵੀਂ ਸਾਈਟਾਂ ਅਤੇ ਬੈਲਟ ਡ੍ਰੌਪ-ਔਫ ਬੌਕਸਾਂ ਵੱਲ ਭੇਜਣ ਦੇ ਨਿਰਦੇਸ਼ ਦਿੰਦੇ ਹੋਏ ਜਗ੍ਹਾ ਬਦਲੀ ਦੀ ਜਾਣਕਾਰੀ ਦੇਣ ਵਾਲੇ ਸੰਕੇਤ ਪੋਸਟ ਕਰੋ।

- ਸਾਰੀਆਂ ਵੋਟ ਪਾਈਆਂ ਗਈਆਂ ਬੈਲਟਾਂ ਇਕੱਠੀਆਂ ਕਰੋ ਅਤੇ ਜੇ ਸੰਭਵ ਹੋਵੇ ਤਾਂ ਉਨ੍ਹਾਂ ਨੂੰ ਸਵੈ-ਸੀਲਿੰਗ ਬੈਗ ਵਿੱਚ ਸੁਰੱਖਿਅਤ ਕਰੋ।
- ਬੈਲਟ ਬੌਕਸ, ਵੋਟ ਨਾ ਪਾਈਆਂ ਗਈਆਂ ਬੈਲਟਾਂ ਅਤੇ ਵੋਟਰਾਂ ਦੇ ਰੋਸਟਰ ਨੂੰ ਇਕੱਠਾ ਕਰੋ ਅਤੇ ਉਨ੍ਹਾਂ ਨੂੰ ਨਵੀਂ ਥਾਂ 'ਤੇ ਲਿਜਾਓ।
- ਘੱਟੋ-ਘੱਟ ਦੋ ਚੋਣ ਅਧਿਕਾਰੀ, ਜਾਂ ਇੰਸਪੈਕਟਰਾਂ ਨੂੰ ਹਰ ਸਮੇਂ ਹਰੇਕ ਵੋਟ ਕੇਂਦਰ ਤੋਂ ਬੈਲਟਾਂ ਦੇ ਨਾਲ ਰਹਿਣਾ ਚਾਹੀਦਾ ਹੈ ਅਤੇ ਨਿਗਰਾਨੀ ਕਰਨੀ ਚਾਹੀਦੀ ਹੈ ਕਿ ਬੈਲਟਾਂ ਨੂੰ ਸੁਰੱਖਿਅਤ ਢੰਗ ਨਾਲ ਨਵੇਂ ਵੋਟ ਕੇਂਦਰ ਦੇ ਟਿਕਾਣਿਆਂ 'ਤੇ ਲਿਜਾਇਆ ਜਾਂਦਾ ਹੈ।
- ਜੇ ਸੰਭਵ ਹੋਵੇ ਤਾਂ ਵਿਭਾਗ ਕੋਈ ਵੀ ਲੋੜੀਂਦੀਆਂ ਨਵੀਆਂ ਸੀਲਾਂ ਦੇਵੇਗਾ।

**ਇਕੱਤਰ ਕਰਨ ਦੇ ਰਸਤੇ ਜਾਂ ਫੀਲਡ ਵਿੱਚ ਸਟਾਫ਼ ਨੂੰ ਪ੍ਰਭਾਵਤ ਕਰਨ ਵਾਲੀਆਂ ਐਮਰਜੈਂਸੀਆਂ**

ਕਿਸੇ ਅਜਿਹੀ ਐਮਰਜੈਂਸੀ ਦੀ ਸਥਿਤੀ ਵਿੱਚ, ਜੋ ਖੇਤਰ ਵਿੱਚ ਇਕੱਤਰ ਕਰਨ ਦੇ ਰਸਤੇ ਜਾਂ ਫੀਲਡ ਵਿੱਚ ਸਟਾਫ਼ ਨੂੰ ਪ੍ਰਭਾਵਿਤ ਕਰਦੀ ਹੈ, ਵਿਭਾਗ ਦਾ ਸਟਾਫ਼ ਫੀਲਡ ਵਿੱਚ ਮੌਜੂਦ ਚੋਣ ਅਧਿਕਾਰੀਆਂ ਨੂੰ ਸਾਈਟ ਦੀ ਸਥਿਤੀ ਬਾਰੇ ਸੂਚਿਤ ਕਰੇਗਾ।

**ਅਧਿਕਾਰ ਸੌਂਪਣਾ**

ਕਿਸੇ ਐਮਰਜੈਂਸੀ ਵਿੱਚ, ROV ਵਿਭਾਗੀ ਕਾਰਵਾਈਆਂ ਸੰਬੰਧੀ ਸਾਰੇ ਫੈਸਲੇ ਲਵੇਗਾ। ਜੇ ROV ਫੈਸਲੇ ਲੈਣ ਲਈ ਉਪਲਬਧ ਨਹੀਂ ਹੈ, ਤਾਂ ਪੂਰਾ ਅਧਿਕਾਰ ਅਸਿਸਟੈਂਟ ROV(s) ਕੋਲ ਤਬਦੀਲ ਹੋ ਜਾਂਦਾ ਹੈ। ਜੇ ਫੈਸਲੇ ਲੈਣ ਲਈ ਕੋਈ ਵੀ ਉਪਲਬਧ ਨਹੀਂ ਹੈ, ਤਾਂ ਅਥਾਰਿਟੀ ਉਸ ਸਭ ਤੋਂ ਸੀਨੀਅਰ ਸਟਾਫ਼ ਕੋਲ ਤਬਦੀਲ ਹੋ ਜਾਣੀ ਚਾਹੀਦੀ ਹੈ ਜੋ ਉਪਲਬਧ ਹੈ।

ਜਦੋਂ ਕਿਸੇ ਸੁਰੱਖਿਅਤ ਜਗ੍ਹਾ 'ਤੇ ਹੋਵੇ, ROV ਅਤੇ ਉਸਦਾ ਮਨੋਨੀਤ ਸਟਾਫ਼ ਨੁਕਸਾਨ ਦਾ ਮੁਲਾਂਕਣ ਕਰਨ, ਜੇ ਸੰਭਵ ਹੋਵੇ ਤਾਂ ਸਿਸਟਮ ਬਹਾਲੀ ਸ਼ੁਰੂ ਕਰਨ ਲਈ ਮੀਟਿੰਗ ਕਰਦਾ ਹੈ, ਅਤੇ ਇਹ ਨਿਰਧਾਰਤ ਕਰਦਾ ਹੈ ਕਿ ਐਮਰਜੈਂਸੀ ਦੀ ਪ੍ਰਕਿਰਤੀ ਦੇ ਅਧਾਰ 'ਤੇ ਕਿਹੜੀਆਂ ਕਾਰਵਾਈਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ ਜਾਂ ਜਾਰੀ ਰਹਿ ਸਕਦੀਆਂ ਹਨ। ਇਸ ਮੀਟਿੰਗ ਦੇ ਨਤੀਜੇ ਬਾਰੇ ਸੈੱਲ ਫ਼ੋਨ ਅਤੇ ਘਰਾਂ ਦੇ ਨੰਬਰਾਂ ਦੁਆਰਾ ਸਟਾਫ਼ ਨੂੰ ਸੂਚਿਤ ਕੀਤਾ ਜਾਵੇਗਾ।

**ਐਮਰਜੈਂਸੀ ਦੌਰਾਨ ਅਤੇ ਉਸਦੇ ਬਾਅਦ ਸੰਚਾਰ**

ਆਮ ਤੌਰ 'ਤੇ, ਵਿਭਾਗ ਦਾ ਮੁਖੀ ਕਿਸੇ ਸਥਾਨ ਨੂੰ ਖਾਲੀ ਕਰਨ ਦੀ ਸ਼ੁਰੂਆਤ ਦੇ ਸੰਬੰਧ ਵਿੱਚ ਇੱਕ ਐਲਾਨ ਕਰੇਗਾ। ਸਾਰੇ ਦਫਤਰ ਦੇ ਕਰਮਚਾਰੀਆਂ ਅਤੇ ਜਨਤਾ ਦੇ ਕਿਸੇ ਵੀ ਮੈਂਬਰ ਨੂੰ ਹਦਾਇਤ ਦਿੱਤੀ ਜਾਵੇਗੀ ਕਿ ਸਥਾਨ ਖਾਲੀ ਕਰਨ ਦੇ ਪ੍ਰੋਟੋਕੋਲ ਦੇ ਅਨੁਸਾਰ ਸ਼ਾਂਤ, ਸੁਚੱਜੇ ਢੰਗ ਨਾਲ ਕਿਸ ਦਰਵਾਜ਼ੇ ਰਾਹੀਂ ਬਾਹਰ ਨਿਕਲਣਾ ਹੈ ਅਤੇ ਕਿੱਥੇ ਇਕੱਠੇ ਹੋਣਾ ਹੈ।

ਵਿਭਾਗ ਐਮਰਜੈਂਸੀ ਦੌਰਾਨ ਜਾਂ ਉਸਦੇ ਬਾਅਦ ਕਰਮਚਾਰੀਆਂ ਨਾਲ ਗੱਲਬਾਤ ਕਰਨ ਲਈ ਹੇਠ ਦਿੱਤੇ ਤਰੀਕਿਆਂ ਦੀ ਵਰਤੋਂ ਕਰੇਗਾ:

- ਸੈੱਲ ਫ਼ੋਨ
- ਵਿਭਾਗ ਦੀ ਵੌਇਸਮੇਲ

- ਟੈਕਸਟ ਮੈਸੇਜ
- ਘਰ ਦਾ ਫ਼ੋਨ

ਸੁਰੱਖਿਆ ਅਧਿਕਾਰੀ ਇਮਾਰਤ ਦੀ ਜਾਂਚ ਕਰਨ ਦੇ ਬਾਅਦ ਇਕੱਠੇ ਹੋਣ ਦੇ ਸਥਾਨ 'ਤੇ ਰੋਲ ਕਾਲ ਕਰਨਗੇ। ਜਦੋਂ ਸਾਰੇ ਕਰਮਚਾਰੀਆਂ ਦੀ ਗਿਣਤੀ ਕਰ ਲਈ ਜਾਂਦੀ ਹੈ, ਸਾਈਟ 'ਤੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇਗਾ। ਹਾਲਾਂਕਿ, ਜੇ ਰੋਲ ਕਾਲ ਦੌਰਾਨ ਕਿਸੇ ਟੀਮ ਮੈਂਬਰ ਦੀ ਸਥਿਤੀ ਦਾ ਪਤਾ ਨਹੀਂ ਲੱਗਦਾ ਹੈ, ਤਾਂ ਅਧਿਕਾਰੀਆਂ ਨੂੰ ਤੁਰੰਤ ਸੂਚਿਤ ਕੀਤਾ ਜਾਵੇਗਾ। ਸੇਫ਼ਟੀ ਕੋਆਰਡੀਨੇਟਰ ਜਾਂ ਪ੍ਰਬੰਧਨ ਸਟਾਫ਼ ਨੂੰ ਸਥਿਤੀ ਅਤੇ ਦੁਬਾਰਾ ਦਾਖਲੇ ਦੀ ਸੰਭਾਵਨਾ ਬਾਰੇ ਸੂਚਿਤ ਕਰੇਗਾ।

**ਪਹਿਲਾਂ ਤੋਂ ਰਿਕਾਰਡ ਕੀਤਾ ਗਿਆ ਮੈਸੇਜ**

ਐਮਰਜੈਂਸੀ ਮੈਸੇਜ ਵਿਚਲੀ ਜਾਣਕਾਰੀ ਐਮਰਜੈਂਸੀ ਦੀ ਪ੍ਰਕਿਰਤੀ 'ਤੇ ਅਧਾਰਤ ਹੁੰਦੀ ਹੈ। ਪ੍ਰਸ਼ਾਸਨਿਕ ਸੇਵਾਵਾਂ ਦਾ ਮੈਨੇਜਰ ਇਹ ਪੱਕਾ ਕਰਨ ਲਈ ਜਿੰਮੇਵਾਰ ਹੈ ਕਿ ਮੈਸੇਜ ਨਵੀਨਤਮ ਹਨ ਤਾਂ ਜੋ ਚੋਣਾਂ ਦੇ ਦਿਨ ਐਮਰਜੈਂਸੀ ਹੋਣ 'ਤੇ ਬਾਹਰ ਜਾਣ ਵਾਲੇ ਮੈਸੇਜ ਦੁਆਰਾ ਜਨਤਾ ਨੂੰ ਨਵੀਆਂ ਵੋਟਿੰਗ ਸਾਈਟਾਂ ਬਾਰੇ ਸੂਚਿਤ ਕੀਤਾ ਜਾਵੇ।

**ਨਵੇਂ ਕਰਮਚਾਰੀ ਦੀ ਜਾਣ-ਪਛਾਣ**

ਨਵੇਂ ਕਰਮਚਾਰੀਆਂ ਨੂੰ ਉਨ੍ਹਾਂ ਦੇ ਸੁਪਰਵਾਈਜ਼ਰ ਦੁਆਰਾ ਇਸ ਨੀਤੀ ਵਿਚਲੀ ਜਾਣਕਾਰੀ ਬਾਰੇ ਸੂਚਿਤ ਕੀਤਾ ਜਾਂਦਾ ਹੈ। ਸਾਰੇ ਸਟਾਫ਼ ਨੂੰ ਸਥਾਨ ਖਾਲੀ ਕਰਨ ਦੇ ਰਸਤਿਆਂ ਅਤੇ ਮਿਲਣ ਦੀਆਂ ਥਾਵਾਂ ਦੀ ਜਾਣਕਾਰੀ ਹੋਵੇਗੀ।

**ਵਿਭਾਗ ਦੇ ਸਟਾਫ਼ ਲਈ ਸਿਖਲਾਈ ਰਣਨੀਤੀ**

ਵਿਭਾਗ ਇੱਕ ਬਾਈਂਡਰ ਬਣਾ ਕੇ ਰੱਖਦਾ ਹੈ ਜਿਸ ਵਿੱਚ ਮੁੱਢਲੀ ਸੁਰੱਖਿਆ ਅਤੇ ਐਮਰਜੈਂਸੀ ਜਾਣਕਾਰੀ ਅਤੇ ਇਸ ਯੋਜਨਾ ਦੀ ਇੱਕ ਕਾਪੀ ਸ਼ਾਮਲ ਹੁੰਦੀ ਹੈ।

ਹਰੇਕ ਚੋਣ ਤੋਂ ਪਹਿਲਾਂ ਇਸ ਗਾਈਡ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਸ ਨੂੰ ਅੱਪਡੇਟ ਕੀਤਾ ਜਾਵੇਗਾ। ਅੰਤਮ ਗਾਈਡ ਚੋਣ ਦਿਨ ਤੋਂ 120 ਦਿਨ ਪਹਿਲਾਂ ਪੂਰੀ ਕਰ ਦਿੱਤੀ ਜਾਣੀ ਚਾਹੀਦੀ ਹੈ।